1 2
22-31
p.

1066
9|91

ਸਭ ਹਕ ਪਰਕਾਸ਼ਕ ਦ ਅਧੀਨ ਹਨ।

ਬੰਦੇ ਮਾਤਰਮ

# ਮਿਸਟਰ ਹਰੀ ਕਿਸ਼ਨ ਜੀਦੀ

# ਫਾਂਸੀ

## ਤੇ ਉਸਦੀ ਪਿਆਰੀ ਮਾਤਾ ਅਤੇ ਭੈਣ

ਦਾ ਵਿਰਲਾਪ ਤਰਜ਼-ਤੇਲੂ ਤੇ ਪੱਖੀ ਆਦਿ।

ਕਰਤਾ:-ਸਰਦਾਰ ਇੰਦ੍ਰ ਸਿੰਘ "ਮਸਕੀਨ"
ਸਾਬਕ ਐਡੀਟਰ ਕ੍ਰਿਪਾਨ ਬਹਾਦਰ ਅੰਮ੍ਰਿਤਸਰ



ਪ੍ਰਕਾਸ਼ਕ:-ਸ੍ਰ: ਬਲਬੀਰ ਸਿੰਘ
ਮੰਗੌਣ ਦਾ ਪਤਾ-
ਭਾ: ਕ੍ਰਿਪਾਲ ਸਿੰਘ ਬਲਬੀਰ ਸਿੰਘ
ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ
ਕਾਰੋਨੇਸ਼ਨ ਪਰੈਸ ਅੰਮ੍ਰਿਤਸਰ ਵਿਚ ਭਾਈ ਪਸ਼ੌਰਾ ਸਿੰਘ ਮੈਨੇਜਰ ਤੇ
ਪਰਿੰਟਰ ਦੇ ਪਰਬੰਧ ਨਾਲ ਛਪਿਆ॥
ਪਹਿਲੀ ਵਾਰ੨੦੦੪ ਮੁਲ ਇਕ ਆਨਾ

Lib 12182
R.1 326/82

## ਬੰਦੇ ਮਾਤਰਮ !

### ਦੋਹਿਰਾ

ਕਰ ਜੋੜ ਕਹੇ ਕਵਿ ਬੰਦਨਾਂ ਸੁਣ ਦੀਨਨਕੇ ਨਾਥ।
ਮੈਂ ਆਜਜ਼ ਮਸਕੀਨ ਦੇ ਸਿਰ ਪਰ ਰਾਖੋ ਹਾਥ।
ਕਵਿਤਾ ਕੋਰਿਤ ਚਾਵੰਦਾਪਰ ਨਹਿਵਿਦਿਆਕਾਜੋਰ।
ਤੂੰਹੀ ਲਜਾ ਰਖਣੀ ਕਵਿ ਹੈ ਬਹੁਤ ਕਮਜ਼ੋਰ।
ਦੇਸ਼ ਭਗਤ ਦੀ ਕਾਰਨੂੰ ਲਿਖਣਾ ਚਾਹੇ ਦਾਸ।
ਮੌਤ ਪਿਆਲਾ ਪੀਣ ਨੂੰ ਜਾਂਦਾ ਕੇਵੇਂ ਪਾਸ।

NATIONAL ARCHIVES LIBRARY
No 2231
Date 15·2·72
GOVT. OF INDIA

### ਬੈਂਤ

ਸਿਰਜਣ ਹਾਰ ਦਾਤਾਰ ਕਰਤਾਰ ਮੇਰੇ
ਸਾਨੂੰ ਦੁਖਾਂ ਤੇ ਦੁਖ ਨੇ ਆਈ ਜਾਂਦੇ।
ਜੇਹੜੇ ਵਤਨ ਦੇ ਨਾਲ ਪਿਆਰ ਕਰਦੇ,
ਓਹੋ ਫਾਂਸੀ ਉਤੇ ਝੂਟੇ ਖਾਈ ਜਾਂਦੇ।
ਕਈ ਵਿਚ ਪਰਦੇਸ ਦੇ ਮੋਏ ਰੁਲਕੇ,
ਕਈ ਦੇਸ ਅੰਦਰ ਦੁਖ ਪਾਈ ਜਾਂਦੇ।
ਸਾਰੀ ਉਮਰ ਦੇ ਕਈ ਹੋ ਗਏ ਕੈਦੀ,
ਅੰਡੇ ਮਾਨ 'ਚ ਕਈ ਮੁਕਾਈ ਜਾਂਦੇ।
ਦੇਸ਼ ਕੌਮ ਤੇ ਧਰਮ ਦੀ ਆਣ ਖਾਤਰ,
ਕਈ ਵਾਂਗ ਮਨਸੂਰ ਲਟਕਾਈ ਜਾਂਦੇ।
ਓਹ ਬੀ ਸੀ ਜ਼ਬਾਨ ਤੋਂ ਨਹੀਂ ਕਰਦੇ,
ਹਸ ਹਸ ਕੇ ਤਨ ਘੁਮਾਈ ਜਾਂਦੇ।
ਜੇਹੜੇ ਵਤਨ ਦੇ ਵਾਸਤੇ ਜਾਨ ਦੇਂਦੇ,

ਰਖ ਤਲੀ ਤੇ ਸੀਸ ਦਿਖਾਈ ਜਾਂਦੇ।
ਸਿਜਦਾ ਕਰੇ ਜਹਾਨ ਹੈ ਤਿਨਾਂ ਤਾਂਈ,
ਜੋ ਆਪਣਾ ਆਪ ਮਿਟਾਈ ਜਾਂਦੇ।
ਝੋਲੀ ਚੁਕ ਗਦਾਰ ਅਪਾਰ ਦੇਖੋ,
ਨਾਲ ਜ਼ੁਲਮ ਪ੍ਰੀਤ ਵਧਾਈ ਜਾਂਦੇ।
ਜੋ ਗਰੀਬ ਨਰੀਜ ਫਕੀਰ ਜੇਹੜੇ,
ਖ਼ੂਨ ਓਹਨਾਂ ਦੇ ਵਿਚ ਹੈ ਨ੍ਹਾਈ ਜਾਂਦੇ।
ਜੋ ਕਿਰਸਾਣ ਅਨਾਜ ਦੇ ਹੈਨ ਮਾਲਕ,
ਦੁਖ ਭੁਖ ਦੇ ਨਾਲ ਤੜਫਾਈ ਜਾਂਦੇ।

ਤਥਾ

ਮਜ਼੍ਹਬਾਂ ਮਾਰ ਕੇ ਮੁਲਕ ਤਬਾਹ ਕੀਤਾ,
ਅਜੇ ਮੁਲਕ ਨੂ ਆਵੰਦੀ ਸ਼ਰਮ ਨਾਹੀਂ।
ਹਿੰਦੂ ਸਿਖ ਤੇ ਮੁਸਲਮਾਂ ਝਗੜਿਆਂ ਦੇ,
ਗਏ ਅਜੇ ਵੀ ਦਿਲ ਤੋਂ ਭਰਮ ਨਾਹੀਂ।
ਓਥੇ ਜਾਤ ਹੰਕਾਰ ਨੂੰ ਪੈਣ ਧਕੇ,
ਪੁਛੇ ਓਸ ਥਾਂ ਮਜ਼੍ਹਬ ਤੇ ਕਰਮ ਨਾਹੀਂ।
ਉਹ ਤੇ ਬਿਦਰ ਦਾ ਸਾਗ ਮਨਜ਼ੂਰ ਕਰਦਾ,
ਬੇਰ ਭੀਲਣੀ ਦੇ ਵਿਚ ਭਰਮ ਨਾਹੀਂ।
ਮਾਨਸ਼ ਇਕ ਤੇ ਇਕ ਹੀ ਜਾਤ ਹੋਵੇ,
ਭਰਮ ਭੂਤ ਨਾ ਦਿਲਾਂ ਤੋਂ ਕਢ ਦੇਈਏ।
ਸਾਡੇ ਵਡਿਆਂ ਏਹ ਪ੍ਰਚਾਰ ਕੀਤਾ,
ਅਜ ਅਸੀ ਕਿਉਂ ਏਸ ਨੂੰ ਛਡ ਦੇਈਏ

2

ਰੁਬਾ

ਅਜੇ ਕਲ ਦੀ ਗਲ ਨਾ ਯਾਦ ਤੈਨੂੰ,
ਸਿਆਦ ਚਮਨ ਚੋਂ ਫੁਲ ਤਰੋੜ ਲੀਤੇ।
ਭਗਤ ਸਿੰਘ ਤੇ ਰਾਜ ਸੁਖਦੇਵ ਸੋਹਣਾ,
ਸਾਡੇ ਵੇਂਹਦਿਆਂ ਮੌਤ ਮਰੋੜ ਲੀਤੇ।
ਨਾਹਰੇ ਏਕਤਾ ਦੇ ਏਥੋਂ ਗਏ ਲਾਉਂਦੇ,
ਦੂਜ ਰੰਦਗੀ ਤੋਂ ਮੂੰਹ ਮੋੜ ਲੀਤੇ।
ਓਹ ਸਦਾ ਹੀ ਧਰਤ ਤੇ ਹੈਣ ਜ਼ਿੰਦੇ,
ਜਿਨਾਂ ਵਤਨ ਖਾਤਰ ਟਬਰ ਛੋੜ ਲੀਤੇ।
ਮਰਦੇ ਸੋ ਜੋ ਵਤਨ ਨੂੰ ਮਾਰਦੇ ਨੇ,
ਅਤੇ ਆਜਜ਼ਾਂ ਤਾਈਂ ਧਰਕਾਰ ਦੇਨੇ।
ਇੰਦੂ ਸਿੰਘ ਜਹਾਨ ਤੇ ਪੈਣ ਧਕੇ,
ਅਗੇ ਨਰਕ ਵੀ ਪਏ ਫਿਟਕਾਰਦੇ ਨੇ।

ਮਿਸਟਰ ਹਰੀ ਕਿਸ਼ਨ ਤੇ ਉਸਦੀ ਮਾਤਾਦੇ ਸਵਾਲ ਜਵਾਬ
ਤਰਜ਼-ਪੱਖੀ

ਜਾਂਦਾ ਵਾਰੀ ਬਚਾ ਵੇ ਲਗੀਂ ਸੀਨੇ ਦੇ ਨਾਲ।
ਬਚਾ ਕਿਉਂ ਏਥੇ ਟੁਰ ਆਇਆ,
ਕਿਉਂ ਏਸ ਤੇ ਫੈਰ ਚਲਾਇਆ,
ਕਿਉਂ ਮਾਂ ਤਤੀ ਨੂੰ ਤਾਇਆ,
ਕੀਤਾ ਮੰਦੜੇ ਈ ਹਾਲ।
ਜਾਂਦੀ ਵਾਰੀ ਪੁਤਰਵੇ ਲਗੀਂ ਸੀਨੇ ਦੇ ਨਾਲ।
ਤੂੰ ਸੁਣ ਮਾਤ ਜੀ ਪਿਆਰੀ,

ਜਿੰਦ ਜਾਣੀ ਅੰਤ ਨੂੰ ਮਾਰੀ,
ਚੰਗੇ ਭਾਗ ਵਤਨ ਤੋਂ ਵਾਰੀ,
ਜਗਿਆ ਸੁੰਦਰ ਚਰਾਗ ।
ਮਾਤਾ ਮੇਰੀ ਪਿਆਰੀ ਤੇਰੇ ਚੰਗੇ ਨੇ ਭਾਗ
ਵੇ ਇਹ ਕੀ ਆਖ ਸੁਨਾਇਆ,
ਸਗੋਂ ਹੋਰ ਤਤੀ ਨੂੰ ਤਾਇਆ,
ਤੈਨੂੰ ਜ਼ਰਾ ਤਰਸ ਨਾ ਆਇਆ,
ਕੀਤਾ ਡਾਢਾ ਬਿਹਾਲ,
ਜਾਂਦੀ ਵਾਰੀ ਪੁਤਰ ਲਗੀਂ......
ਦੁਖੀ ਦੇਸ ਨੂੰ ਬਚਾਣਾ,
ਸਿਰ ਸੂਰਮੇਂ ਲਗਾਣਾ,
ਕੀਮਾ ਕੀਮਾ ਹੋ ਜਾਣਾ,
ਗਉਣਾ ਵਤਨ ਦਾ ਰਾਗ।
ਮਾਤਾ ਮੇਰੀ ਪਿਆਰੀ......
ਸੋਹਣੀ ਤੋਤਲੀ ਜ਼ਬਾਨ,
ਮੇਰੇ ਖਿਚ ਲਏ ਪ੍ਰਾਨ,
ਤੂੰ ਬਾਲ ਸੈਂ ਨਦਾਨ,
ਅਜੇ ਰਹੀ ਸਾਂ ਪਾਲ,
ਜਾਂਦੀ ਵਾਰੀ ਪੁਤਰ ਲਗੀਂ......
ਮਾਤਾ ਛੋਟਾ ਕੀ ਸੁਣਾਵੇਂ,
ਮੌਤ ਜੰਮਦਾ ਲੈ ਜਾਵੇ,
ਕੇਹੜਾ ਓਦੋਂ ਛੁਡਾਵੇ,

ਭਰੇ ਬਾਗਾਂ ਦੇ ਬਾਗ।

ਮਾਤਾ ਮੇਰੀ ਪਿਆਰੀ...

ਬਚਾ ਕਰਨਾ ਕੀ ਗੱਲੀ,
ਮੈਂ ਤੇ ਹੋ ਗਈ ਹਾਂ ਝੱਲੀ,
ਮੈਂ ਬੀ ਤੇਰੇ ਸੰਗ ਚਲੀ,
ਸਦਣ ਆਗਿਆ ਕਾਲ।

ਜਾਂਦੀ ਵਾਰੀ ਪੁਤਰ ਲਗੀਂ...

ਗੁਰ ਦਸਮੇ ਦਾ ਹਾਲ,
ਪੜੀਂ ਅਖਾਂ ਦੇ ਨਾਲ,
ਵਾਰੇ ਚਾਰੇ ਨੇ ਲਾਲ,
ਗਾਉਂਦਾ ਖੁਸ਼ੀ ਦੇ ਰਾਗ।

ਮਾਤਾ ਮੇਰੀ ਪਿਆਰੀ...

ਏਹ ਭੀ ਠੀਕ ਹੈ ਸੁਣਾਈ,
ਫਿਰ ਗਈ ਦੇਸ 'ਚ ਦੁਹਾਈ,
ਕੀਤੀ ਤੂੰ ਭੀ ਉਹ ਕਮਾਈ,
ਜੇਹੜੀ ਕਰ ਗਏ ਸੀ ਲਾਲ।

ਜਾਂਦੀ ਵਾਰੀ ਬਚਾ ਵੇ ਲਗੀਂ ਸੀਨੇ ਦੇ ਨਾਲ।

ਹੋਰ ਕਲ ਦੀ ਕਹਾਣੀ,
ਭਗਤ, ਰਾਜ, ਸੁਖ, ਜਾਣੀ,
ਤੁਰ ਗਏ ਮੇਰੇ ਨੀ ਹਾਣੀ,
ਗਾ ਆਜ਼ਾਦੀ ਦੇ ਰਾਗ।

ਮਾਤਾ ਮੇਰੀ ਪਿਆਰੀ...

ਬਚਾ ਸੋਹਣਾ ਤੂੰ ਮੋਹਿਆ,
ਦੂਰ ਭਰਮ ਹੈ ਹੋਇਆ,
ਤੂੰ ਜੀਉਂਦਾ ਨਹੀਂ ਮੋਇਆ,
ਘਾਲੀ ਕਿਸ ਨੇ ਏਹ ਘਾਲ ।
ਜਾਂਦੀ ਵਾਰੀ ਪੁਤਰ ਵੇ ਲਗੀਂ ਸੀਨੇ ਦੇ ਨਾਲ।

ਦੋਹਰਾ

ਸੁਣਕੇ ਏਸ ਬਿਆਨ ਨੂੰ ਮਾਤਾ ਹੋਈ ਨਿਹਾਲ।
ਵਾਰਾਂ ਖਾਤਰ ਵਤਨ ਦੇ ਕੈਂਹਦੀ ਸਾਰੇ ਲਾਲ ।
ਮਾਫੀ ਨਾ ਹੁਣ ਮੰਗਣੀ ਰੈਹਣਾ ਹੋ ਹੁਸ਼ਿਆਰ।
ਦਾਗ ਨਾ ਲਾਉਣਾ ਕੁਖਨੂੰ ਕੈਹਨੀ ਬਾਰੰਬਾਰ ।
ਪਤਾ ਜਾਂ ਲਗਾ ਭੈਣ ਨੂੰ ਰੋਈ ਭੁਬਾਂ ਮਾਰ ।
ਉਠ ਨਠੀ ਵਲ ਜੇਲ੍ਹ ਦੇ ਕਰਦੀ ਹਾਲਪੁਕਾਰ।

ਤਰਜ਼ ਤੇਲੂ

ਕਿਉਂ ਕੀਤਾ ਬਗੀਚਾ ਖਾਲੀ ੨
ਮੌਤ ਨੂੰ ਵਿਆਹ ਕਰਕੇ
ਵੀਰਾ ੨ ਹਾਰੋਂ ਟੁਟ ਚਲਿਆ ਇਕ ਹੀਰਾ।
ਮੈਂ ਹਸ ਹਸ ਮੌਤ ਵਿਆਵਾਂ ੨
ਹਿੰਦ ਦੀ ਆਜ਼ਾਦੀ ਤੋਂ
ਭੈਣੇ ੨ ਹੂਟੇ ਵਤਨ ਪਿਛੇ ਹਸ ਲੈਣੇ ।
ਤੈਨੂੰ ਵਰਜ ਰਹੀ ਤੇਰੀ ਮਾਈ ੨
ਮੌਤ ਨੂੰ ਵਿਆਹੀਂ ਨਾ
ਵੀਰਾ ੨ ਹਾਰੋਂ ਟੁਟ ਚਲਿਆ ਇਕ ਹੀਰਾ ।

ਕਿਨੇ ਬੈਠ ਸਦਾ ਨਹੀਂ ਰੈਹਣਾ ੨
ਕੂਲ ਨੇ ਹੈ ਕੂਚ ਕਰਨਾ
ਭੈਣੇ ੨ ਹੂਟੇ ਵਤਨ ਪਿਛੇ ਹਸ ਲੈਣੇ।
ਕਿਨੂੰ ਵੀਰ ਵੀਰ ਆਖ ਖਿਡਾਵਾਂ ੨
ਨਾਲ ਮੈਂ ਲਾਡਾਂ ਦੇ
ਵੀਰਾ ੨ ਹਾਰੋਂ ਟੁਟ ਚਲਿਆ ਇਕ ਹੀਰਾ ।
ਸਾਰੇ ਜਗ ਤੇ ਵੀਰ ਨੇ ਤੇਰੇ ੨
ਜਿਨਾਂ ਤੋਂ ਮੈਂ ਜਾਨ ਵਿਆਂ
ਭੈਣੇ ੨ ਹੂਟੇ ਵਤਨ ਪਿਛੇ ਹਸ ਲੈਣੇ।
ਪਤਾ ਹੁੰਦਾ ਜੇ ਜਹਾਨੋਂ ਟੁਰ ਜਾਣਾ ੨
ਗੋਲੀਆਂ ਚਲੌਣੋਂ ਰੋਕਦੀ
ਵੀਰਾ ੨ ਹਾਰੋਂ ਟੁਟ ਚਲਿਆ ਇਕ ਹੀਰਾ
ਜਦੋਂ ਬੋਲਦੀ ਗਸ਼ਾਂ ਖਾ ਡਿਗਦੀ ੨
ਆ ਗਈ ਅਜ ਮਾਂਹ ਪਰਲੋ
ਲੋਕੋ ੨ ਚੰਦਰੀ ਫਾਂਸੀ ਨੂੰ ਕੋਈ ਰੋਕੋ।
ਉਦੋਂ ਅਰਸ਼ ਫਰਸ਼ ਸਭ ਡੋਲੇ ੨ ।
ਭੈਣ ਦੇ ਵੈਣ ਸੁਣਕੇ
ਲੋਕੋ ੨ ਚੰਦਰੀ ਫਾਂਸੀ ਨੂੰ ਕੋਈ ਰੋਕੋ।
ਪਰ ਨਰਮ ਜਲਾਦ ਨ ਹੋਏ ੨
ਜਿਨਾਂ ਦੇ ਏਹ ਕੰਮ ਰੋਜ਼ ਦੇ
ਲੋਕੋ ੨ ਚੰਦਰੀ ਫਾਂਸੀ ਨੂੰ ਕੋਈ ਰੋਕੋ ।

ਪਤਾ—ਭਾਈ ਕ੍ਰਿਪਾਲ ਸਿੰਘ ਬਲਬੀਰ ਸਿੰਘ
ਪੁਸਤਕਾਂ ਛਾਪਕ ਤੇ ਵੇਚਣ ਵਾਲੇ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ